# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34 ਏ, ਚੰਡੀਗੜ੍ਹ

ਵੱਲ :

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ: 4/SSA/Uniforms/2012-13/82714-82735 ਮਿਤੀ ਚੰਡੀਗੜ੍ਹ: 26.07.2012

**ਵਿਸ਼ਾ:- ਸਾਲ 2012-13 ਦੌਰਾਨ ਸਰਵ ਸਿੱਖਿਆ ਅਭਿਆਨ ਹੇਠ ਪਹਿਲੀ ਤੋਂ ਅੱਠਵੀਂ ਜਮਾਤ ਦੇ ਬੱਚਿਆਂ ਦੀ ਵਰਦੀਆਂ ਦੀ ਵੰਡ ਲਈ ਜਾਰੀ ਕੀਤੀ ਗ੍ਰਾਂਟ ਸੰਬੰਧੀ ਦਿਸ਼ਾ ਨਿਰਦੇਸ਼।**

(ੳ) ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਮਿਤੀ: 24.07.2012 ਨੂੰ ਮੁੱਖ ਦਫ਼ਤਰ ਦੁਆਰਾ ਵਰਦੀਆਂ ਦੀ ਗ੍ਰਾਂਟ ਜ਼ਿਲ੍ਹਿਆਂ ਨੂੰ ਜਾਰੀ ਕੀਤੀ ਜਾ ਚੁੱਕੀ ਹੈ।

(ਅ) ਇਹ ਯਕੀਨੀ ਬਣਾਇਆ ਜਾਵੇ ਕਿ ਇਹ ਗ੍ਰਾਂਟ ਆਪ ਦੁਆਰਾ E-transfer ਜਾਂ Accounts Payee Cheque ਰਾਹੀਂ ਇੱਕ ਹਫ਼ਤੇ ਦੇ ਅੰਦਰ-ਅੰਦਰ ਸਕੂਲ ਮੈਨੇਜਮੈਂਟ ਕਮੇਟੀਆਂ ਦੇ ਖਾਤੇ ਵਿਚ ਭੇਜ ਦਿੱਤੀ ਜਾਵੇ।

(ੲ) ਵਰਦੀਆਂ ਦੀ ਵੰਡ ਸੰਬੰਧੀ ਦਿਸ਼ਾ ਨਿਰਦੇਸ਼ ਆਪ ਨੂੰ ਪਹਿਲਾ ਹੀ ਇਸ ਦਫ਼ਤਰ ਦੇ ਪੱਤਰ ਨੰਬਰ: 4/SSA/Uniforms/2012-13/79571-79592 ਮਿਤੀ ਚੰਡੀਗੜ੍ਹ: 14.05.2012 ਰਾਹੀਂ ਭੇਜੇ ਜਾ ਚੁੱਕੇ ਹਨ ਜੋ ਕਿ ਇੱਕ ਵਾਰੀ ਮੁੜ ਆਪ ਦੀ ਜਾਣਕਾਰੀ ਲਈ ਹੇਠ ਅਨੁਸਾਰ ਦਿੱਤੇ ਗਏ ਹਨ:-

1.0 ਜ਼ਿਲ੍ਹਾਵਾਰ ਮੰਜ਼ੂਰ ਹੋਏ ਫੰਡਜ਼ (ਰੁਪਏ 400 ਪ੍ਰਤੀ ਬੱਚਾ) ਅਤੇ ਬੱਚਿਆਂ (ਪਹਿਲੀ ਤੋਂ ਅੱਠਵੀਂ ਜਮਾਤ) ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**(Financial in lacs)**

| S. no | District | All Girls | | SC Boys | | ST Boys | | BPL Boys | | Total | |
|---|---|---|---|---|---|---|---|---|---|---|---|
| | | Physical | Financial | Physical | Financial | Physical | Financial | Physical | Financial | Physical | Financial @ RS. 400 per child |
| 1 | Amritsar | 67312 | 26924800 | 53757 | 21502800 | 0 | 0 | 3158 | 1263200 | 124227 | 49690800 |
| 2 | Barnala | 23360 | 9344000 | 17344 | 6937600 | 0 | 0 | 0 | 0 | 40704 | 16281600 |
| 3 | Bathinda | 48846 | 19538400 | 35719 | 14287600 | 0 | 0 | 0 | 0 | 84565 | 33826000 |
| 4 | Faridkot | 24444 | 9777600 | 20041 | 8016400 | 35 | 14000 | 2407 | 962800 | 46927 | 18770800 |
| 5 | Fatehgarh Sahib | 21535 | 8614000 | 15448 | 6179200 | 0 | 0 | 857 | 342800 | 37840 | 15136000 |
| 6 | Fazilka | 45079 | 18031600 | 34128 | 13651200 | 0 | 0 | 13985 | 5594000 | 93192 | 37276800 |
| 7 | Ferozepur | 38319 | 15327600 | 32179 | 12871600 | 0 | 0 | 8965 | 3586000 | 79463 | 31785200 |
| 8 | Gurdaspur | 52340 | 20936000 | 27740 | 11096000 | 0 | 0 | 24651 | 9860400 | 104731 | 41892400 |
| 9 | Hoshiarpur | 55859 | 22343600 | 35303 | 14121200 | 0 | 0 | 7463 | 2985200 | 98625 | 39450000 |
| 10 | Jalandhar | 60279 | 24111600 | 47994 | 19197600 | 0 | 0 | 15974 | 6389600 | 124247 | 49698800 |
| 11 | Kapurthala | 27539 | 11015600 | 21359 | 8543600 | 0 | 0 | 8307 | 3322880 | 57205 | 22882000 |
| 12 | Ludhiana | 84894 | 33957600 | 59611 | 23844400 | 0 | 0 | 34899 | 13959600 | 179404 | 71761600 |
| 13 | Mansa | 34035 | 13614000 | 23480 | 9392000 | 0 | 0 | 3072 | 1228800 | 60587 | 24234800 |
| 14 | Moga | 41040 | 16416000 | 33642 | 13456800 | 0 | 0 | 10486 | 4194400 | 85168 | 34067200 |
| 15 | Mohali | 27111 | 10844400 | 15751 | 6300400 | 0 | 0 | 13265 | 5306000 | 56127 | 22450800 |
| 16 | Muktsar | 35766 | 14306400 | 30420 | 12168000 | 0 | 0 | 6440 | 2576000 | 72626 | 29050400 |
| 17 | Nawanshahr | 23674 | 9469600 | 16184 | 6473600 | 0 | 0 | 2593 | 1037200 | 42451 | 16980400 |
| 18 | Pathankot | 19203 | 7681200 | 12120 | 4848000 | 0 | 0 | 7940 | 3176000 | 39263 | 15705120 |
| 19 | Patiala | 61705 | 24682000 | 36267 | 14506800 | 0 | 0 | 34325 | 13730000 | 132297 | 52918800 |
| 20 | Ropar | 25215 | 10086000 | 7463 | 2985200 | 0 | 0 | 0 | 0 | 32678 | 13071200 |
| 21 | Sangrur | 56865 | 22746000 | 38626 | 15450400 | 0 | 0 | 0 | 0 | 95491 | 38196400 |
| 22 | Tarntaran | 43308 | 17323200 | 33793 | 13517200 | 0 | 0 | 4395 | 1758000 | 81496 | 32598400 |
| | **Total** | **917728** | **367091200** | **648369** | **259347600** | **35** | **14000** | **203182** | **81272800** | **1769314** | **70,77,25,600** |

2.0 ਦਿੱਤੀ ਜਾਣ ਵਾਲੀਆਂ ਵਰਦੀਆਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਲੜੀ ਨੰ: | ਲੜਕਿਆਂ ਲਈ | | ਲੜਕੀਆਂ ਲਈ | | ਵਿਸ਼ੇਸ਼ ਕੱਥਨ |
|---|---|---|---|---|---|
| | ਵਸਤੂ ਦਾ ਨਾਂ | ਵਸਤੂ ਦੀ ਗਿਣਤੀ | ਵਸਤੂ ਦਾ ਨਾਂ | ਵਸਤੂ ਦੀ ਗਿਣਤੀ | ਵਿਦਿਆਰਥੀਆਂ ਨੂੰ ਦਿੱਤੀ ਜਾਣ ਵਾਲੀ ਵਰਦੀ ਦੇ ਰੰਗ ਬਾਰੇ ਫੈਸਲਾ ਸਕੂਲ ਮੈਨੇਜਮੈਂਟ ਕਮੇਟੀ (SMC) ਆਪਣੀ ਪੱਧਰ ਤੇ ਕਰੇਗੀ।ਪ੍ਰੰਤੂ ਇਹ ਯਕੀਨੀ ਬਣਾਇਆ ਜਾਵੇ ਪੂਰੇ ਸਕੂਲ ਲਈ ਵਰਦੀ ਵਿਚ ਇੱਕਸਾਰਤਾ ਹੋਵੇ। |
| 1. | ਕਮੀਜ਼ ਅਤੇ ਪੈਂਟ, ਸਿੱਖ ਲੜਕਿਆਂ ਲਈ ਪਟਕਾ ਅਤੇ ਬਾਕੀ ਲੜਕਿਆਂ ਲਈ ਗਰਮ ਟੋਪੀ | 1 ਜੋੜਾ | ਕਮੀਜ਼ ਸਲਵਾਰ ਤੇ ਦੁਪੱਟਾ | 1 ਜੋੜਾ | |
| 2. | ਗਰਮ ਸਵੈਟਰ | 1 | ਗਰਮ ਸਵੈਟਰ | 1 | |
| 3. | ਬੂਟ ਅਤੇ ਜੁਰਾਬਾਂ | 1 ਜੋੜਾ | ਬੂਟ ਅਤੇ ਜੁਰਾਬਾਂ | 1 ਜੋੜਾ | |

3.0 ਇਹ ਯਕੀਨੀ ਬਣਾਇਆ ਜਾਵੇ ਕਿ ਹਰੇਕ ਬੱਚੇ ਨੂੰ ਵਰਦੀ ਦੀਆਂ ਸਮੂਹ ਵਸਤੂਆਂ ਸਬੰਧਤ SMC ਕਮੇਟੀਆਂ ਦਆਰਾ ਸਰਵ ਸਿੱਖਿਆ ਅਭਿਆਨ ਦੇ ਨਿਯਮਾਂ ਅਨੁਸਾਰ ਖਰੀਦ ਕੇ ਮੁੱਹਈਆ ਕਰਵਾਈਆਂ ਜਾਣਗੀਆਂ। ਵਰਦੀਆਂ ਦੀ ਖ੍ਰੀਦ ਸੰਬੰਧੀ ਕੀਤੀ ਗਈ ਸਮੂਹ ਪ੍ਰਕ੍ਰਿਆ ਦਾ ਰਿਕਾਰਡ ਸੰਬੰਧਤ SMC ਵੱਲੋਂ ਰੱਖਿਆ ਜਾਵੇਗਾ।

4.0 ਇਹ ਵੀ ਧਿਆਨ ਰੱਖਿਆ ਜਾਵੇ ਕਿ ਬੱਚਿਆਂ ਨੂੰ ਦਿਤੀ ਗਈ ਹਰੇਕ ਵਸਤੂ ਗੁਣਵੱਤਾ ਦੀ ਕਸੌਟੀ ਤੇ ਖਰੀ ਉਤਰਨੀ ਚਾਹੀਦੀ ਹੈ ।

5.0 ਵਰਦੀਆਂ ਦੀ ਸਿਲਾਈ ਵੀ ਮੰਜੂਰ ਫੰਡਜ਼ ਵਿਚੋਂ ਸਬੰਧਤ SMC ਕਮੇਟੀ ਵੱਲੋਂ ਕੀਤੀ ਜਾਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰੇਕ ਬੱਚੇ ਨੂੰ ਵਰਦੀ ਉਸਦੇ ਨਾਪ (ਸਾਈਜ਼) ਮੁਤਾਬਿਕ ਹੀ ਦਰਜ਼ੀ ਤੋਂ ਸਿਲਵਾ ਕੇ ਦਿੱਤੀ ਜਾਵੇ।

6.0 ਖਰੀਦੀਆਂ ਗਈਆਂ ਸਮੂਹ ਵਰਦੀਆਂ ਦੀ ਸਟਾਕ ਐਂਟਰੀ ਸਬੰਧਤ ਸਕੂਲ ਮੁੱਖੀ ਵੱਲੋਂ ਸਟਾਕ ਰਜਿਸਟਰ ਵਿਚ ਕਰਨੀ ਜਰੂਰੀ ਹੋਵੇਗੀ ਅਤੇ ਇਸ ਉਪਰੰਤ ਹੀ ਵਿਦਿਆਰਥੀਆਂ ਨੂੰ ਵਰਦੀਆਂ ਦਿੱਤੀਆਂ ਜਾਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰੇਕ ਲਾਭਪਾਤਰੀ ਨੂੰ ਵਰਦੀ ਮੁਹੱਈਆ ਕਰਨ ਤੋਂ ਪਹਿਲਾ ਉਸਦੇ ਮਾਤਾ-ਪਿਤਾ/ ਸਰਪ੍ਰਸਤ ਦੇ ਹਸਤਾਖਰ ਸਟਾਕ ਰਜਿਸਟਰ ਵਿਚ ਕਰਵਾਏ ਜਾਣ।

7.0 ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਹਾਲਾਤ ਵਿੱਚ ਜ਼ਿਲ੍ਹਾ ਸਿੱਖਿਆ ਅਫਸਰ ਜਾਂ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਵੱਲੋਂ ਕਿਸੇ ਵੀ ਸਕੂਲ ਦੀ SMC ਕਮੇਟੀ ਨੂੰ ਕਿਸੇ ਵਿਸ਼ੇਸ਼ ਦੁਕਾਨ ਤੋਂ ਵਿਦਿਆਰਥੀਆਂ ਦੀਆਂ ਵਰਦੀਆਂ ਖਰੀਦਣ ਲਈ ਲਿਖਤੀ ਜਾਂ ਜੁਬਾਨੀ ਨਿਰਦੇਸ਼ ਨਹੀਂ ਦਿੱਤੇ ਜਾਣਗੇ। ਵਰਦੀਆਂ ਦਾ ਸਾਰਾ ਖਰਚਾ ਨਿਯਮਾਂ ਅਨੁਸਾਰ SMC ਕਮੇਟੀ ਵੱਲੋਂ ਆਪਣੇ ਪੱਧਰ ਤੇ ਕੀਤਾ ਜਾਵੇਗ।

8.0 ਵਰਦੀਆਂ ਦੀ ਖ੍ਰੀਦ/ਸਿਲਾਈ ਸੰਬੰਧੀ ਸਾਰੀਆਂ ਅਦਾਇਗੀਆਂ ਸਪਲਾਇਰ (Supplier) ਨੂੰ (A/C Payee Cheque) ਰਾਹੀਂ ਹੀ ਕੀਤੀਆਂ ਜਾਣ। ਕੋਈ ਵੀ ਅਦਾਇਗੀ ਨਗਦ ਨਹੀਂ ਕੀਤੀ ਜਾਵੇਗੀ।

9.0 ਵਰਦੀ ਦੀ ਗ੍ਰਾਂਟ ਦਾ ਵਰਤੋਂ ਸਰਟੀਫਿਕੇਟ ਫੰਡ ਪ੍ਰਾਪਤ ਹੋਣ ਤੋਂ ਬਾਅਦ ਕਾਰਵਾਈ ਉਪਰੰਤ ਇਸ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

10.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਕੀਤੀ ਗਈ ਕਾਰਵਾਈ ਦੀ ਰਿਪੋਰਟ ਵੀ ਇਸ ਦਫ਼ਤਰ ਨੂੰ ਭੇਜੀ ਜਾਵੇ।

-ਸਹੀ-
**ਸਟੇਟ ਪ੍ਰੋਜੈਕਟ ਡਾਇਰੈਕਟਰ,**
ਸਰਵ ਸਿੱਖਿਆ ਅਭਿਆਨ ਅਥਾਰਟੀ,
**ਪੰਜਾਬ, ਚੰਡੀਗੜ੍ਹ**

**ਪਿਠ ਅੰਕਣ ਨੰ:**4/SSA/Uniforms/2012-13/82736-82737 **ਮਿਤੀ** :26.07.2012

1) ਉਤਾਰਾ ਰਾਜ ਦੇ ਸਮੂਹ ਬੀ.ਪੀ.ਈ.ਓ. ਨੂੰ ਸੂਚਨਾ ਹਿੱਤ (website ਰਾਹੀਂ) ਭੇਜਿਆ ਜਾਂਦਾ ਹੈ।
2) ਉਤਾਰਾ ਰਾਜ ਦੇ ਸਮੂਹ ਸਕੂਲ ਮੁੱਖੀ ਨੂੰ ਸੂਚਨਾ ਹਿੱਤ (website ਰਾਹੀਂ) ਭੇਜਿਆ ਜਾਂਦਾ ਹੈ।

-ਸਹੀ-
**ਸਟੇਟ ਪ੍ਰੋਜੈਕਟ ਡਾਇਰੈਕਟਰ,**
ਸਰਵ ਸਿੱਖਿਆ ਅਭਿਆਨ ਅਥਾਰਟੀ,
**ਪੰਜਾਬ, ਚੰਡੀਗੜ੍ਹ**